a2zpapers.com

Sr. No. 8707

Exam.Code: 112501
Subject Code : 1071

**Bachelor of Physical Education and Sports (B.P.E.S) Part-I**

**(2519)**

**Paper: Paper-VII (i)**

**Punjabi Compulsory**

**Time allowed: 3 hrs.** **Max. Marks: 100**

**ਵਿਦਿਆਰਥੀ ਨੇ ਕੁੱਲ ਪੰਜ ਪ੍ਰਸ਼ਨ ਕਰਨੇ ਹਨ। ਹਰ ਭਾਗ ਵਿੱਚੋਂ ਇੱਕ ਪ੍ਰਸ਼ਨ ਲਾਜ਼ਮੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ।ਹਰੇਕ ਪ੍ਰਸ਼ਨ ਦੇ 20 ਅੰਕ ਹਨ।**

**ਭਾਗ ੳ**

1. **ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :-**

ਰਹੀ ਵਾਸਤੇ ਘੱਤ, 'ਸਮੇਂ' ਨੇ ਇੱਕ ਨਾਂ ਮੰਨੀ
ਫੜ-ਫੜ ਰੁਹੀ ਧਰੀਕ, ਸਮੇਂ ਖਿਸਕਾਈ ਕੰਨੀ
ਕਿਵੇਂ ਨ ਸਕੀ ਰੋਕ , ਅਟਕ ਜੋ ਪਾਈ ਭੰਨੀ
ਤ੍ਰਿਖੇ ਆਪਣੇ ਵੇਗ, ਗਿਆ ਟੱਪ ਬੰਨੇ-ਬੰਨੀ
ਹੋ।ਅਜੇ ਸੰਭਾਲ ਇਸ 'ਸਮੇਂ' ਨੂੰ ਕਰ ਸਫਲ ਉੱਡਦਾ ਜਾਂਵਦਾ
ਇਹ ਠਹਿਰਨ ਜਾਚ ਨਾ ਜਾਣਦਾ ਲੰਘ ਗਿਆ ਨ ਮੁੜ ਕੇ ਆਂਵਦਾ।

2. **'ਬਾਗਾਂ ਦਾ ਰਾਖਾ'** ਕਹਾਣੀ ਦਾ ਵਿਸ਼ਾ ਵਸਤੂ ਬਿਆਨ ਕਰੋ।

**ਭਾਗ ਅ**

3. **' ਨਾਟਕ ਦੀ ਨਕੜਦਾਦੀ'** ਰੇਖਾ ਚਿੱਤਰ ਦਾ ਵਿਸ਼ਾ ਵਸਤੂ ਪੇਸ਼ ਕਰੋ।

4. **' ਗੱਪ ਬਾਜ਼'** ਨਿਬੰਧ ਦਾ ਸਾਰ ਪੇਸ਼ ਕਰੋ।

**ਭਾਗ ੲ**

5. ਭਾਸ਼ਾ ਦੇ ਟਕਸਾਲੀ ਰੂਪ ਤੋਂ ਕੀ ਭਾਵ ਹੈ। ਪੰਜਾਬੀ ਦੀ ਟਕਸਾਲੀ ਭਾਸ਼ਾ ਦੀਆ ਵਿਸ਼ੇਸ਼ਤਾਈਆ ਦੱਸੋ।

6. ਪੰਜਾਬੀ ਦੀਆਂ ਉਪ ਬੋਲੀਆਂ {ਮਾਝੀ, ਮਲਵਈ, ਦੁਆਬੀ, ਪੁਆਧੀ } ਦੀਆਂ ਵਿਸ਼ੇਸ਼ਤਾਈਆਂ ਦੱਸੋ।

**ਭਾਗ ਸ**

7. **'ਪੰਜਾਬੀਆਂ ਵਿੱਚ ਵਿਦੇਸ਼ ਜਾਣ ਦੀ ਰੁਚੀ'** ਦੇ ਕਾਰਨਾ ਤੇ ਲੇਖ ਰਚਨਾਂ ਕਰੋ।

8. **ਹੇਠ ਲਿਖੇ ਪੈਰੇ ਨੂੰ ਪੜ ਕੇ ਪ੍ਰਸ਼ਨਾਂ ਦੇ ਉਤਰ ਦਿਓ:-**

ਸਾਊ ਉਹ ਜੋ ਸੋਹਣਾ ਵਰਤੇ। ਸਲੀਕਾ ਵਿਆਕਤੀ ਦੀ ਬਾਹਰੀ ਸਜਾਵਟ ਹੀ ਨਹੀ ਬਲਕਿ ਉਸਦੇ ਚਰਿਤਰ ਦਾ ਮੁਖ ਹਿੱਸਾ ਹੈ।ਸਭਿਅ ਵਿਆਕਤੀ ਉਹੀ ਅਖਵਾ ਸਕਦਾ ਹੈ ਜਿਸਨੂੰ ਸਲੀਕਾ ਆਉਦਾ ਹੋਏ। ਅਜਿਹੇ ਵਿਆਕਤੀ ਨੂੰ ਸਮਾਜ ਵਿੱਚ ਪਿਆਰ, **ਪ੍ਰਸੰਸਾ** ਅਤੇ ਮਾਣ ਪ੍ਰਾਪਤ ਹੁੰਦਾ ਹੈ।ਸਲੀਕਾ ਅਸਲ ਵਿੱਚ ਸੁਚੱਜੇ ਜੀਵਣ ਢੰਗ ਦਾ ਬਦਲ ਹੈ।ਦੂਜਿਆ ਨਾਲ ਅਜਿਹਾ ਵਿਵਹਾਰ ਕਰਨਾਂ ਜਿਸ ਨਾਲ ਉਹਨਾਂ ਉੱਤੇ ਸਖਾਵਾਂ ਪ੍ਰਭਾਵ ਪਵੇ; ਸਲੀਕੇ ਦਾ ਮੁੱਖ ਗੁਣ ਹੈ ਮਿਠ ਬੋਲੜਾ ਹੋਣਾ ਜਰੂਰੀ ਹੈ। ਗੁਰੂ ਨਾਨਕ ਦੇਵ ਜੀ ਨੇ ਇਹ ਮਿਠੁਤ ਦੀ ਵਡਿਆਈ ਕਰਦਿਆ ਕਿਹਾ ਹੈ " ਮਿਠੁਤ ਨੀਵੀ ਨਾਨਕਾ ਗੁਣ ਚੰਗਿਆਈਆ ਤੱਤ"। ਵੱਡਿਆ ਦਾ ਆਦਰ ਕਰਨਾਂ, ਛੋਟਿਆਂ ਨਾਲ ਪਿਆਰ, ਦਯਾ, ਨਿਮਰਤਾ ਅਦਿ ਸਲੀਕੇ ਦੇ ਅੰਗ ਹਨ।ਅਜਿਹੇ **ਵਿਵਹਾਰ** ਜੋ ਕਿਸੇ ਨੂੰ ਦੁਖੀ ਕਰੇ, ਈਰਖਾ ਲਈ ਉਕਸਾਏ,ਨਫਰਤ ਨੂੰ ਜਨਮ

PTO

www.a2zpapers.com www.a2zpapers.com
Download free old Question papers gndu, ptu hp board, punjab board

a2zpapers.com



ਦੇਵੇ ਸਲੀਕੇ ਦੇ ਦੁਸ਼ਮਣ ਹਨ।ਸਲੀਕੇ ਸਾਹਮਣੇ ਇਹ ਮਨੁੱਖੀ ਵਿਰੋਧੀ ਭਾਵਨਾ ਛਹਿ ਛੇਰੀ ਹੋ ਜਾਂਦੀਆਂ ਹਨ। ਸਲੀਕਾ ਕੋਈ ਰੱਬੀ ਦੇਣ ਨਹੀ ਬਲ ਕੇ ਅਭਿਆਸ ਅਤੇ ਲਗਨ ਦਾ ਫਲ ਹੈ। ਇਸ ਨੂੰ ਬ੍ਚਪਨ ਤੋ ਹੀ ਅਪਣਾ ਲਿਆ ਜਾਵੇ ਤਾਂ ਹੀ ਉਤਮ ਰਹੇਗਾ। ਅੱਜ ਦੀ ਜ਼ਿੰਦਗੀ ਦੀ ਦੌੜ-ਭੱਜ ਅਤੇ ਹਫੜਾ-ਦਫੜੀ ਵਿੱਚ **ਸਾਊਪੁਣੇ** ਦੇ ਨੇਮ ਪਾਲਣੇ ਔਖੇ ਹਨ। ਹਰ ਆਦਮੀ ਮਾਰ-ਧਾੜ ਕਰਕੇ ਅੱਗੇ ਨਿਕਲਣ ਲਈ ਯਤਨਸ਼ੀਲ ਹੈ। ਪਰ ਇਸ ਦਾ ਇਹ ਭਾਵ ਨਹੀ ਹੈ ਕਿ ਸਾਨੂੰ ਮਨੁੱਖਤਾ ਦੇ ਉੱਤਮ ਗੁਣਾ ਨੂੰ **ਤਿਲਾਂਜਲੀ** ਦੇ ਦੇਣੀ ਚਾਹੀਦੀ ਹੈ, ਬਲ ਕੇ ਇਸ ਵੇਲੇ ਸਲੀਕੇ ਦੀ ਲੋੜ ਪਹਿਲਾਂ ਨਾਲੋ ਵਧੇਰੇ ਹੈ ਕਿਉਕਿ ਸਲੀਕੇ ਵਿੱਚ ਹੀ ਸਫਲ ਜਿੰਦਗੀ ਦਾ ਰਾਜ ਹੈ। ਇਸ ਲਈ **ਠਰ੍ਹੰਮੇ** ਨਾਲ ਵਿਚਰਦਿਆਂ ਸੰਜਮ,ਮਿਠਾਸ, ਉਪਕਾਰ ਵਰਗੇ ਗੁਣ ਆਪਣੇ ਵਿੱਚ ਪੈਦਾ ਕਰਨੇ ਚਾਹੀਦੇ ਹਨ।

I. ਵਿਅਕਤੀ ਦੇ ਚਰਿਤਰ ਦਾ ਮੁੱਖ ਭਾਗ ਕਿਹੜਾ ਹੈ ?

II. 'ਸਲੀਕੇ' ਤੋਂ ਕੀ ਭਾਵ ਹੈ ?

III. " ਮਿਠੁਤ ਨੀਵੀ ਨਾਨਕਾ ਗੁਣ ਚੰਗਿਆਈਆ ਤੱਤ" ਦਾ ਅਰਥ ਲਿਖੋ।

IV. ਮੋਟੇ ਸ਼ਬਦਾਂ ਦੇ ਅਰਥ ਲਿਖੋ।

V. ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

********

8707(2519)100

www.a2zpapers.com www.a2zpapers.com
Download free old Question papers gndu, ptu hp board, punjab board